ਜਨਵਰੀ 2019

ਯੋਜਨਾ ਅਰਜ਼ੀ ਤੱਥ ਸ਼ੀਟ

# ਯੋਜਨਾ ਪਰਮਿਟ ਦੀ ਅਰਜ਼ੀ ਦੀ ਹਾਮੀ ਜਾਂ ਵਿਰੋਧ ਕਰਨਾ



ਤੁਸੀਂ ਪ੍ਰਸਤਾਵਿਤ ਵਿਕਾਸ ਦੇ ਬਾਰੇ ਕਈ ਤਰੀਕਿਆਂ ਰਾਹੀਂ ਜਾਣੂ ਹੋ ਸਕਦੇ ਹੋ। ਸ਼ਾਇਦ ਤੁਸੀਂ ਡਾਕ ਰਾਹੀਂ ਚਿੱਠੀ ਪ੍ਰਾਪਤ ਕੀਤੀ ਹੈ ਆਪਣੇ ਸਥਾਨਿਕ ਅਖਬਾਰ ਵਿੱਚ ਇਸ਼ਤਿਹਾਰ ਵੇਖਿਆ ਹੈ ਜਾਂ ਪ੍ਰਸਤਾਵਿਤ ਵਿਕਾਸ ਵਾਲੀ ਜਗ੍ਹਾ ਉਪਰ ਸੂਚਨਾ ਵਾਲਾ ਫੱਟਾ ਵੇਖਿਆ ਹੈ।
ਵਿਕਲਪ ਦੇ ਤੌਰ ਤੇ ਤੁਹਾਡਾ ਗੁਆਂਢੀ ਜਾਂ ਵਿਕਾਸ ਕਰਨ ਵਾਲਾ ਸ਼ਾਇਦ ਤੁਹਾਨੂੰ ਆਪਣੀਆਂ ਯੋਜਨਾਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਪਹੁੰਚ ਕਰੇ।

ਭਾਂਵੇਂ ਕਿ ਪਹਿਲਾਂ ਤੁਸੀਂ ਇਸ ਬਾਰੇ ਜਾਣੂ ਹੋਏ ਹੋ ਜੇਕਰ ਤੁਸੀਂ ਪ੍ਰਸਤਾਵਿਤ ਵਰਤੋਂ ਜਾਂ ਵਿਕਾਸ ਤੋਂ ਪ੍ਰਭਾਵਿਤ ਹੋ ਰਹੇ ਹੋ ਤੁਸੀਂ ਵਿਰੋਧ ਕਰ ਸਕਦੇ ਹੋ। ਜੇਕਰ ਤੁਸੀਂ ਪ੍ਰਸਤਾਵਿਤ ਵਿਕਾਸ ਦੀ ਹਾਮੀ ਭਰਦੇ ਹੋ ਤੁਹਾਡੇ ਕੋਲ ਪ੍ਰਸਤਾਵ ਦੇ ਹੱਕ ਵਿੱਚ ਵਿਚਾਰ ਦਰਜ ਕਰਵਾਉਣ ਦਾ ਵੀ ਮੌਕਾ ਹੈ। ਜੇਕਰ ਤੁਸੀਂ ਯੋਜਨਾ ਪਰਮਿਟ ਅਰਜ਼ੀ ਬਾਰੇ ਵਿਚਾਰ ਦਰਜ ਕਰਨ ਬਾਰੇ ਸੋਚ ਰਹੇ ਹੋ ਇਹ ਤੱਥ ਸ਼ੀਟ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਕਿ ਤੁਹਾਨੂੰ ਕੀ ਸੋਚਣ ਦੀ ਲੋੜ ਹੈ।

ਯੋਜਨਾ ਪਰਮਿਟ ਅਰਜ਼ੀ ਬਾਰੇ ਵਿਚਾਰ ਦਰਜ ਕਰਵਾਉਣ ਵਾਸਤੇ ਦੋ ਮਹੱਤਵਪੂਰਣ ਪੜ੍ਹਾਅ ਹਨ।

## ਕਦਮ 1 – ਹਿਸਾਬ ਲਾਓ ਕਿ ਪ੍ਰਸਤਾਵਿਤ ਵਿਕਾਸ ਤੁਹਾਨੂੰ ਕਿਵੇਂ ਪ੍ਰਭਾਵਿਤ ਕਰੇਗਾ

ਅਰਜ਼ੀ ਬਾਰੇ ਜਾਣਕਾਰੀ (ਜਿਵੇਂ ਕਿ ਯੋਜਨਾ ਅਤੇ ਰਿਪੋਰਟਾਂ) ਕੌਂਸਿਲ ਦੇ ਔਨਲਾਈਨ Greenlight Portal ਅਤੇ ਕੌਂਸਿਲ ਦੇ ਦਫਤਰਾਂ ਤੋਂ ਲੱਭੀ ਜਾ ਸਕਦੀ ਹੈ। ਤੁਹਾਨੂੰ ਯੋਜਨਾਵਾਂ ਨੂੰ ਵੇਖਣਾ ਅਤੇ ਕੀ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ ਉਸ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਵੇਖਣ ਲਈ ਕਿ ਤੁਸੀਂ ਸ਼ਾਇਦ ਫਾਸਲੇ ਅਤੇ ਉਚਾਈਆਂ ਮਾਪਣੀਆਂ ਪਸੰਦ ਕਰੋਗੇ ਕਿ ਪ੍ਰਸਤਾਵਿਤ ਵਿਕਾਸ ਤੁਹਾਡੀ ਜਾਇਦਾਦ ਨੂੰ ਕਿਵੇਂ ਪ੍ਰਭਾਵਿਤ ਕਰੇਗਾ। ਜੇਕਰ ਤੁਹਾਨੂੰ ਯੋਜਨਾਵਾਂ ਜਾਂ ਅਰਜ਼ੀ ਦੀ ਜਾਣਕਾਰੀ ਸਮਝਣ ਵਿੱਚ ਮੁਸ਼ਕਿਲ ਹੋ ਰਹੀ ਹੈ ਤੁਸੀਂ ਕੌਂਸਿਲ ਦੇ ਕਿਸੇ ਇਕ ਯੋਜਨਾਕਾਰਾਂ ਨੂੰ ਤੁਹਾਨੂੰ ਅਰਜ਼ੀ ਨੂੰ ਵਿਸਥਾਰ ਨਾਲ ਸਮਝਾਉਣ ਲਈ ਕਹਿ ਸਕਦੇ ਹੋ।

- ਸੋਚੋ ਕਿ ਤੁਹਾਡੀ ਜਾਇਦਾਦ ਲਈ ਕੀ ਮਹੱਤਵਪੂਰਣ ਹੈ ਅਤੇ ਪ੍ਰਸਤਾਵਿਤ ਵਿਕਾਸ ਤੁਹਾਨੂੰ ਕਿਵੇਂ ਪ੍ਰਭਾਵਿਤ ਕਰੇਗਾ। ਸਵਾਲ ਜੋ ਤੁਸੀਂ ਸ਼ਾਇਦ ਆਪਣੇ ਆਪ ਨੂੰ ਪੁੱਛਣਾ ਚਾਹੋਗੇ ਇਸ ਵਿਚ ਸ਼ਾਮਲ ਹਨ:
- ਕੀ ਪ੍ਰਸਤਾਵਿਤ ਵਿਕਾਸ ਤੁਹਾਡੇ ਪਿਛਲੇ ਵਿਹੜੇ ਖਿੜਕੀ ਜਾਂ ਬਗੀਚੇ ਉਪਰ ਪਰਛਾਵਾਂ ਪਾਵੇਗਾ।
- ਕੀ ਮੇਰੀ ਗੁਪਤਤਾ ਉਪਰ ਅਸਰ ਪਵੇਗਾ। ਕੀ ਵੱਡੀਆਂ ਖਿੜਕੀਆਂ ਮੇਰੇ ਬਗੀਚੇ ਜਾਂ ਰਹਿਣ ਵਾਲੇ ਖੇਤਰਾਂ ਉਪਰ ਖੁੱਲ੍ਹ ਰਹੀਆਂ ਹਨ
- ਕੀ ਪ੍ਰਸਤਾਵਿਤ ਵਰਤੋਂ ਦੇ ਨਾਲ ਰੌਲੇ ਦਾ ਅਸਰ ਜੁੜਿਆ ਹੋਇਆ ਹੈ

ਫੈਸਲਾ ਲੈਣ ਤੋਂ ਪਹਿਲਾਂ ਸਾਰੇ ਦਰਜ ਕੀਤੇ ਵਿਚਾਰਾਂ ਨੂੰ ਵਿਚਾਰਿਆ ਜਾਵੇਗਾ ਪਰ ਫਿਰ ਵੀ ਪ੍ਰਸਤਾਵ ਦੇ ਕੁਝ ਤੱਤ ਇਹੋ ਜਿਹੇ ਹੋਣਗੇ ਜਿੰਨ੍ਹਾਂ ਉਪਰ ਕੌਂਸਿਲ ਦਾ ਕਾਬੂ ਨਹੀਂ ਹੈ। ਫੈਸਲੇ ਸਿਰਫ ਲਾਗੂ ਹੋਣ ਵਾਲੀ ਨੀਤੀ ਅਤੇ ਫੈਸਲਿਆਂ ਦੀਆਂ ਗਾਈਡਲਾਈਨਾਂ ਉਪਰ ਆਧਾਰਿਤ ਲਏ ਜਾਣਗੇ ਕਿ ਸਭ ਤੋਂ ਪਹਿਲਾਂ ਪਰਮਿਟ ਚਾਹੀਦਾ ਹੀ ਕਿਉਂ ਹੈ।

ਉਦਾਹਰਣ ਵਜੋਂ ਜੇਕਰ ਯੋਜਨਾ ਪਰਮਿਟ ਸਿਰਫ ਕਾਰ ਖੜ੍ਹੀ ਕਰਨ ਦੀ ਕਾਨੂੰਨੀ ਲੋੜ ਦੀ ਦਰ ਨੂੰ ਘਟਾਉਣ ਵਾਸਤੇ ਹੈ ਕਹਿਣ ਨੂੰ ਡਾਕਟਰੀ ਕੇਂਦਰ ਤਦ ਕੌਂਸਿਲ ਮਨ੍ਹਾਂ ਨਹੀਂ ਕਰ ਸਕਦੀ ਜਾਂ ਦੂਸਰੇ ਮੁੱਦੇ ਉਪਰ ਪਾਬੰਦੀ ਨਹੀਂ ਲਗਾ ਸਕਦੀ ਜਿਵੇਂ ਕਿ ਇਸ ਦੀ ਵਰਤੋਂ। ਕੌਂਸਿਲ ਸਿਰਫ ਕਾਰ ਖੜ੍ਹੀ ਕਰਨ ਨਾਲ ਸਬੰਧਿਤ ਮੁੱਦਿਆਂ ਨੂੰ ਹੀ ਵਿਚਾਰ ਸਕਦੀ ਹੈ।

ਸੂਚਨਾ ਤੁਹਾਨੂੰ ਦੱਸੇਗੀ ਕਿ ਯੋਜਨਾ ਪਰਮਿਟ ਕਿਉਂ ਚਾਹੀਦਾ ਹੈ। ਯੋਜਨਾ ਦੀ ਅਰਜ਼ੀ ਦੇ ਹਿੱਸੇ ਵਜੋਂ ਹੋਰ ਜਿਹੜੇ ਮੁੱਦੇ ਵਿਚਾਰੇ ਨਹੀਂ ਜਾ ਸਕਦੇ ਉਹਨਾਂ ਵਿੱਚ ਸ਼ਾਮਲ ਹਨ:

- ਜਾਇਦਾਦ ਦੇ ਮੁੱਲ ਵਿੱਚ ਘਾਟਾ
- ਵਸਨੀਕਾਂ ਦੀ ਕਿਸਮ ਜੋ ਨਵੀਂ ਜਗ੍ਹਾ ਵਿੱਚ ਰਹਿਣਗੇ
- ਐਸਬਸਟਸ ਦੇ ਮੁੱਦੇ (ਐਸਬਸਟਸ ਨੂੰ ਹਟਾਉਣ ਦਾ ਕੰਮ ਅਧਿਕਾਰਤ ਤੋੜਨ ਵਾਲੇ ਠੇਕੇਦਾਰ ਕੀਤਾ ਜਾਣਾ ਚਾਹੀਦਾ ਹੈ ਜਿਸ ਨੂੰ ਵਰਕਸੇਫ ਵਿਕਟੋਰੀਆ ਨੂੰ ਐਸਬਸਟਸ ਹਟਾਉਣ ਬਾਰੇ ਦੱਸਣ ਦੀ ਲੋੜ ਪਵੇਗੀ। ਵਧੇਰੇ ਜਾਣਕਾਰੀ Hobsons Bay Website ਉਪਰ ਲੱਭ ਸਕਦੇ ਹੋ)
- ਵਪਾਰਕ ਮੁਕਾਬਲਾ

ਆਪਣੇ ਦੋਸਤਾਂ ਗੁਆਂਢੀਆਂ ਜਾਂ ਕਸਬੇ ਦੇ ਯੋਜਨਾ ਸਲਾਹਕਾਰ ਨੂੰ ਯੋਜਨਾਵਾਂ ਦੇ ਬਾਰੇ ਉਹਨਾਂ ਦੇ ਵਿਚਾਰਾਂ ਬਾਰੇ ਪੁੱਛੋ। ਤੁਸੀਂ ਅਰਜ਼ੀਕਰਤਾ ਜਾਂ ਉਸ ਦੇ ਨੁਮਾਇੰਦੇ ਨੂੰ ਯੋਜਨਾ ਵਿਚਾਰਨ ਬਾਰੇ ਵੀ ਪੁੱਛ ਸਕਦੇ ਹੋ ਭਾਂਵੇਂ ਕਿ ਉਹ ਨਾਂਹ ਕਰਨਾ ਚੁਣ ਸਕਦੇ ਹਨ।

## ਕਦਮ 2 – ਆਪਣੀ ਬੇਨਤੀ ਨੂੰ ਤਿਆਰ ਕਰੋ ਅਤੇ ਕੌਂਸਿਲ ਕੋਲ ਦਰਜ ਕਰਵਾਓ

ਜੇਕਰ ਤੁਸੀਂ ਵਿਰੋਧ ਜਾਂ ਹਾਮੀ ਦੀ ਚਿੱਠੀ ਦਰਜ ਕਰਵਾਉਣ ਦਾ ਫੈਸਲਾ ਕਰਦੇ ਹੋ ਇਹ ਲਿਖਤੀ ਰੂਪ ਵਿੱਚ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਤੁਹਾਡਾ ਨਾਮ ਅਤੇ ਪਤੇ ਦੇ ਨਾਲ ਨਾਲ ਪ੍ਰਸਤਾਵਿਤ ਵਿਕਾਸ ਤੁਹਾਨੂੰ ਕਿਵੇਂ ਪ੍ਰਭਾਵਿਤ ਕਰੇਗਾ।

ਤੁਸੀਂ ਆਪਣੀਆਂ ਚਿੰਤਾਵਾਂ ਨੂੰ ਕੌਂਸਿਲ ਦਾ ਗਰੀਨਲਾਈਟ ਪੋਰਟਲ ਵਰਤ ਕੇ ਦੱਸ ਸਕਦੇ ਹੋ ਕੌਂਸਿਲ ਦੀ ਵੈਬਸਾਈਟ ਤੋਂ ਇਤਰਾਜ਼ ਵਾਲਾ ਫਾਰਮ ਲੈ ਕੇ ਜਾਂ ਇਕ ਚਿੱਠੀ ਰਾਹੀਂ ਆਪਣੀਆਂ ਚਿੰਤਾਵਾਂ ਜ਼ਾਹਰ ਕਰ ਸਕਦੇ ਹੋ।

ਯੋਜਨਾ ਵਾਲੀ ਅਰਜ਼ੀ ਉਪਰ ਫੈਸਲਾ ਹੋਣ ਤੋਂ ਪਹਿਲਾਂ ਪਹਿਲਾਂ ਤੁਸੀਂ ਕਿਸੇ ਸਮੇਂ ਵੀ ਆਪਣੇ ਵਿਚਾਰ ਦਰਜ ਕਰਵਾ ਸਕਦੇ ਹੋ। ਜੇਕਰ ਯੋਜਨਾ ਅਰਜ਼ੀ ਨੂੰ ਜਨਤਕ ਤੌਰ ਤੇ ਸੂਚਿਤ ਕੀਤਾ ਗਿਆ ਹੈ ਜਾਂ ਇਸ਼ਤਿਹਾਰ ਦਿੱਤਾ ਗਿਆ ਹੈ ਸੂਚਨਾ ਉਪਰ ਕੌਂਸਿਲ ਦੇ ਕੋਲ ਆਪਣੇ ਵਿਚਾਰ ਦਰਜ ਕਰਵਾਉਣ ਵਾਸਤੇ ਇਕ ਮਿਥੀ ਤਰੀਕ ਲਿਖੀ ਜਾਵੇਗੀ ਫਿਰ ਵੀ ਯੋਜਨਾ ਵਾਲੀ ਅਰਜ਼ੀ ਉਪਰ ਕੌਂਸਿਲ ਦੁਆਰਾ ਫੈਸਲਾ ਲੈਣ ਤੋਂ ਪਹਿਲਾਂ ਪਹਿਲਾਂ ਤੁਸੀਂ ਕਿਸੇ ਸਮੇਂ ਵੀ ਆਪਣੇ ਵਿਚਾਰ ਦਰਜ ਕਰਵਾ ਸਕਦੇ ਹੋ। ਜੇਕਰ ਤੁਸੀਂ ਆਪਣੇ ਵਿਚਾਰ ਦਰਜ ਕਰਵਾਏ ਹਨ ਤੁਹਾਨੂੰ ਰਸੀਦ ਵਾਲੀ ਚਿੱਠੀ ਪ੍ਰਾਪਤ ਹੋਵੇਗੀ ਜਿਸ ਵਿੱਚ ਦੱਸਿਆ ਜਾਵੇਗਾ ਕਿ ਕੌਂਸਿਲ ਨੂੰ ਤੁਹਾਡੇ ਵਿਚਾਰ ਪਹੁੰਚ ਗਏ ਹਨ। ਤੁਸੀਂ ਆਪਣੇ ਵਿਚਾਰ ਕਿਵੇਂ ਦਰਜ ਕਰਵਾਏ ਸਨ ਉਪਰ ਆਧਾਰਿਤ ਤੁਹਾਨੂੰ ਈਮੇਲ ਜਾਂ ਡਾਕ ਰਾਹੀਂ ਕੌਂਸਿਲ ਦੇ ਫੈਸਲੇ ਦੇ ਬਾਰੇ ਲਿਖਤੀ ਰੂਪ ਵਿੱਚ ਵੀ ਭੇਜਿਆ ਜਾਵੇਗਾ।

ਜੇਕਰ ਤੁਸੀਂ ਵਿਰੋਧ ਕਰ ਰਹੇ ਹੋ ਤੁਸੀਂ ਦੱਸਣਾ ਚਾਹੋਗੇ ਕਿ ਪ੍ਰਸਤਾਵ ਨੂੰ ਕਿਸ ਤਰੀਕੇ ਨਾਲ ਬਦਲਿਆ ਜਾ ਸਕਦਾ ਹੈ ਤਾਂ ਜੋ ਇਸ ਨੂੰ ਸਵੀਕਾਰਯੋਗ ਬਣਾਇਆ ਜਾ ਸਕੇ। ਜੇਕਰ ਤੁਸੀਂ ਅਰਜ਼ੀਕਰਤਾ ਨਾਲ ਸਮਝੌਤੇ ਉਪਰ ਪਹੁੰਚਣ ਦੇ ਯੋਗ ਹੋ ਜਾਂਦੇ ਹੋ ਅਤੇ ਤੁਹਾਨੂੰ ਅਰਜ਼ੀ ਬਾਰੇ ਕੋਈ ਚਿੰਤਾਵਾਂ ਨਹੀਂ ਹਨ ਤੁਸੀਂ ਕੌਂਸਿਲ ਨੂੰ ਆਪਣੇ ਵਿਰੋਧਾਂ ਨੂੰ ਵਾਪਸ ਲੈਣ ਬਾਰੇ ਲਿਖ ਸਕਦੇ ਹੋ। ਪਰੰਤੂ ਜੇ ਤੁਸੀਂ ਵਿਰੋਧ ਵਾਪਸ ਲੈ ਲਿਆ ਤੁਹਾਨੂੰ ਫੈਸਲੇ ਦੇ ਬਾਰੇ ਸੂਚਿਤ ਨਹੀਂ ਕੀਤਾ ਜਾਵੇਗਾ ਅਤੇ ਜੇ ਤੁਸੀਂ ਫੈਸਲੇ ਦੇ ਨਾਲ ਖੁਸ਼ ਨਹੀਂ ਹੁੰਦੇ ਤਾਂ ਤੁਸੀਂ ਅਪੀਲ ਕਰਨ ਦਾ ਹੱਕ ਗੁਆ ਦੇਵੋਗੇ।

## ਆਪਣੇ ਵਿਚਾਰ ਦਰਜ ਕਰਵਾਉਣ ਬਾਰੇ ਹੋਰ ਮਹੱਤਵਪੂਰਣ ਚੀਜ਼ਾਂ ਜੋ ਜਾਨਣ ਦੀ ਲੋੜ ਹੈ

*ਨਿੱਜਤਾ*

ਧਿਰਾਂ ਵਿਚਾਰਾਂ ਨੂੰ ਵੇਖਣ ਦੇ ਯੋਗ ਹੋਣਗੀਆਂ ਤਾਂ ਜੋ ਉਹ ਜਵਾਬ ਪ੍ਰਦਾਨ ਕਰ ਸਕਣ। ਅਰਜ਼ੀਕਰਤਾ ਸਮੇਤ ਦੂਸਰੀਆਂ ਧਿਰਾਂ ਸਮੇਤ ਦੂਸਰੇ ਵਿਚਾਰ ਦਰਜ ਕਰਵਾਉਣ ਵਾਲਿਆਂ ਅਤੇ ਵਿਕਟੋਰੀਅਨ ਸਿਵਲ ਐਂਡ ਐਡਮਿਨਿਸਟਰੇਟਿਵ ਟ੍ਰਿਬਿਊਨਲ (ਵੀ ਸੀ ਏ ਟੀ) ਨੂੰ ਨਕਲਾਂ ਦਿੱਤੀਆਂ ਜਾ ਸਕਦੀਆਂ ਹਨ।

*ਫਰਿਆਦੀ*

ਜੇਕਰ ਤੁਸੀਂ ਫਰਿਆਦ ਦਰਜ ਕੀਤੀ ਹੈ ਸਾਰਾ ਚਿੱਠੀ ਪੱਤਰ ਫਰਿਆਦ ਉਪਰ ਲਿਖੇ ਪਹਿਲੇ ਨਾਮ ਅਤੇ ਪਤੇ ਉਪਰ ਭੇਜਿਆ ਜਾਵੇਗਾ। ਫਰਿਆਦ ਵਿਚਲੇ ਹੋਰ ਹਿੱਸਾ ਲੈਣ ਵਾਲਿਆਂ ਨੂੰ ਸੂਚਿਤ ਕਰਨਾ ਉਸ ਵਿਅਕਤੀ ਦੀ ਜਿੰਮੇਵਾਰੀ ਹੋਵੇਗੀ। ਫਰਿਆਦ ਨੂੰ ਇਕ ਵਿਅਕਤੀ ਦੇ ਵਿਚਾਰ ਵਜੋਂ ਲਿਆ ਜਾਂਦਾ ਹੈ ਭਾਂਵੇਂ ਕਿ ਫਰਿਆਦ ਉਪਰ ਜਿੰਨ੍ਹੇ ਮਰਜ਼ੀ ਦਸਤਖਤ ਹੋਣ।

*ਮਿਸਾਲ*

ਹਰੇਕ ਅਰਜ਼ੀ ਨੂੰ ਸਥਾਨ ਦੇ ਅਵਰੋਧਾਂ ਅਤੇ ਯੋਜਨਾ ਨੀਤੀ ਦੇ ਆਧਾਰ ਤੇ ਇਸ ਦੇ ਗੁਣਾਂ ਉਪਰ ਵਿਚਾਰਿਆ ਜਾਵੇਗਾ। ਯੋਜਨਾ ਖੇਤਰ ਗਲੀ ਵਿੱਚ ਦੂਸਰੀਆਂ ਇਮਾਰਤਾਂ ਦੇ ਅਕਾਰ ਅਤੇ ਰੂਪ ਅਤੇ ਕਾਰ ਪਾਰਕਾਂ ਦੀਆਂ ਲੋੜਾਂ ਸਾਰੀਆਂ ਚੀਜ਼ਾਂ ਇਹ ਤਹਿ ਕਰ ਸਕਦੀਆਂ ਹਨ ਕਿ ਪ੍ਰਸਤਾਵ ਦੀ ਹਾਮੀ ਭਰੀ ਜਾਵੇਗੀ। ਸੱਚਾਈ ਇਹ ਹੈ ਕਿ ਇਕ ਤਰ੍ਹਾਂ ਦੀ ਵਰਤੋਂ ਜਾਂ ਵਿਕਾਸ ਦੀ ਹਾਮੀ ਨਗਰਪਾਲਿਕਾ ਵਿੱਚ ਕਿਸੇ ਹੋਰ ਥਾਂ ਨਹੀਂ ਭਰੀ ਗਈ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਉਹੀ ਪ੍ਰਸਤਾਵ ਕਿਦੇ ਹੋਰ ਥਾਂ ਲਈ ਢੁਕਵਾਂ ਨਹੀਂ ਹੈ।

*ਖਾਸ ਯੋਜਨਾ ਕਮੇਟੀ*

ਜੇਕਰ ਅੱਠ ਜਾਂ ਵੱਧ ਵਿਰੋਧ ਪ੍ਰਾਪਤ ਹੋਣ ਤਾਂ ਪ੍ਰਸਤਾਵਿਤ ਵਿਕਾਸ ਨੂੰ ਸਪੈਸ਼ਲ ਪਲੈਨਿੰਗ ਕਮੇਟੀ (ਐਸ ਪੀ ਸੀ) ਜਿਸ ਦੀ ਅਗਵਾਈ ਤਿੰਨ ਕੌਂਸਲਰ ਕਰਦੇ ਹਨ ਕੋਲ ਫੈਸਲੇ ਲਈ ਭੇਜਿਆ ਜਾਂਦਾ ਹੈ। ਤੁਸੀਂ ਐਸ ਪੀ ਸੀ ਦੀ ਮੀਟਿੰਗ ਵਿੱਚ ਹਿੱਸਾ ਲੈ ਸਕਦੇ ਹੋ ਅਤੇ ਤੁਸੀਂ ਇਸ ਬਾਰੇ ਗੱਲ ਕਰ ਸਕਦੇ ਹੋ ਕਿ ਤੁਸੀਂ ਪ੍ਰਸਤਾਵ ਦਾ ਵਿਰੋਧ ਕਿਉਂ ਕੀਤਾ ਸੀ। ਕੁਝ ਅਰਜ਼ੀਆਂ ਜੋ ਕਿ ਵਿਵਾਦ ਵਾਲੀਆਂ ਹੁੰਦੀਆਂ ਹਨ ਜਾਂ ਜਿੰਨ੍ਹਾਂ ਵਿੱਚ ਨੀਤੀ ਦਾ ਵੱਡਾ ਫੈਸਲਾ ਸ਼ਾਮਲ ਹੁੰਦਾ ਹੈ ਉਹਨਾਂ ਨੂੰ ਐਸ ਪੀ ਸੀ ਦੁਆਰਾ ਫੈਸਲੇ ਵਾਸਤੇ ਪੂਰੀ ਕੌਂਸਿਲ ਦੀ ਮੀਟਿੰਗ ਕੋਲ ਭੇਜਿਆ ਜਾ ਸਕਦਾ ਹੈ। ਐਸ ਪੀ ਸੀ ਬਾਰੇ ਅਗਲੇਰੀ ਜਾਣਕਾਰੀ ਨੂੰ Council's website ਤੋਂ ਲੱਭਿਆ ਜਾ ਸਕਦਾ ਹੈ।

## ਕੀ ਮੈਂ ਕੌਂਸਿਲ ਦੇ ਫੈਸਲੇ ਦੇ ਵਿਰੋਧ ਵਿੱਚ ਅਪੀਲ ਕਰ ਸਕਦਾ ਹਾਂ?

ਜੇਕਰ ਤੁਸੀਂ ਵਿਰੋਧ ਦਰਜ ਕੀਤਾ ਹੈ ਅਤੇ ਕੌਂਸਿਲ ਅਰਜ਼ੀ ਨੂੰ ਸਵੀਕਾਰ ਕਰਨ ਦਾ ਪ੍ਰਸਤਾਵ ਕਰਦੀ ਹੈ ਪਰਮਿਟ ਦੇਣ ਦੇ ਫੈਸਲੇ ਦੀ ਸੂਚਨਾ ਜਾਰੀ ਕੀਤੀ ਜਾਵੇਗੀ ਜੋ ਤੁਹਾਨੂੰ ਅਪੀਲ ਦਰਜ ਕਰਵਾਉਣ ਦੀ ਇਜਾਜ਼ਤ ਦੇਵੇਗੀ। ਅਪੀਲ ਨੂੰ ਸਮੀਖਿਆ ਵਾਸਤੇ ਅਰਜ਼ੀ ਵੀ ਕਿਹਾ ਜਾਂਦਾ ਹੈ ਅਤੇ ਕੌਂਸਿਲ ਦੇ ਫੈਸਲੇ ਦੇ 21 ਦਿਨਾਂ ਦੇ ਅੰਦਰ ਵੀ ਸੀ ਏ ਟੀ ਕੋਲ ਦਰਜ ਕਰਵਾਉਣਾ ਜ਼ਰੂਰੀ ਹੈ। ਅਰਜ਼ੀਕਰਤਾ ਜਾਂ ਵਿਕਾਸਕਰਤਾ ਵੀ ਕੌਂਸਿਲ ਦੇ ਫੈਸਲੇ ਜਾਂ ਉਹਨਾਂ ਦੇ ਪ੍ਰਸਤਾਵਿਤ ਵਿਕਾਸ ਉਪਰ ਲਾਈਆਂ ਸ਼ਰਤਾਂ ਦੇ ਵਿਰੋਧ ਅਪੀਲ ਦਰਜ ਕਰਵਾ ਸਕਦਾ ਹੈ। ਵਿਚਾਰ ਦਰਜ ਕਰਵਾਉਣ ਵਾਲੇ ਵਜੋਂ ਜੇਕਰ ਕੋਈ ਅਪੀਲ ਦਰਜ ਹੁੰਦੀ ਹੈ ਤਾਂ ਤੁਹਾਨੂੰ ਸੂਚਿਤ ਕੀਤਾ ਜਾਵੇਗਾ ।

ਅਪੀਲ ਵਿੱਚ ਸੁਣਵਾਈ ਸ਼ਾਮਲ ਹੁੰਦੀ ਹੈ ਜਿੱਥੇ ਕੌਂਸਿਲ ਦਾ ਨੁਮਾਇੰਦਾ ਵਿਚਾਰ ਦਰਜ ਕਰਨ ਵਾਲੇ ਅਤੇ ਅਰਜ਼ੀਕਰਤਾ ਆਪਣੇ ਕੇਸਾਂ ਨੂੰ ਵੀ ਸੀ ਏ ਟੀ ਦੇ ਇਕ ਸੁਤੰਤਰ ਮੈਂਬਰ ਜਾਂ ਮੈਂਬਰਾਂ ਅੱਗੇ ਪੇਸ਼ ਕਰ ਸਕਦਾ ਹੈ। ਅਪੀਲ ਕਿਵੇਂ ਅਤੇ ਕਦੋਂ ਕਰਨੀ ਹੈ ਦੇ ਬਾਰੇ ਕੌਂਸਿਲ ਤੋਂ ਲਿਖਤੀ ਫੈਸਲਾ ਜੋ ਤੁਸੀਂ ਪ੍ਰਾਪਤ ਕਰੋਗੇ ਦੇ ਪੁੱਠੇ ਪਾਸੇ ਵੀ ਲਿਖਿਆ ਹੁੰਦਾ ਹੈ।

ਜੇਕਰ ਤੁਸੀਂ ਹੋਰ ਪਤਾ ਕਰਨਾ ਚਾਹੁੰਦੇ ਹੋ ਜਾਂ ਕੌਂਸਿਲ ਦੇ ਯੋਜਨਾਕਾਰਾਂ ਵਿੱਚੋਂ ਕਿਸੇ ਨਾਲ ਗੱਲ ਕਰਨਾ ਚਾਹੁੰਦੇ ਹੋ ਕਿਰਪਾ 9932 1000 ਉਪਰ ਫੋਨ ਕਰੋ ਜਾਂ townplanning@hobsonsbay.vic.gov.au ਨੂੰ ਈਮੇਲ ਕਰੋ।